BRAMPTON Flower City
brampton.ca

media release

2 ਮਾਰਚ, 2018

# ਬ੍ਰੈਂਪਟਨ ਵਿੱਚ ਕੈਨੇਡਿਅਨ ਬਲੱਡ ਸਰਵਿਸਿਜ਼ ਦਾ ਵਿਸਤਾਰ ਹੋਇਆ

## *90 ਨੌਕਰੀਆਂ ਦਾ ਵਾਧਾ ਕਰਦੇ ਹੋਏ, ਨਵੀਂ ਅਤੇ ਬਿਲਕੁੱਲ ਆਧੁਨਿਕ ਪਰੀਖਣ ਲੈਬੋਰੇਟਰੀ ਖੁੱਲ੍ਹ ਗਈ ਹੈ*

ਕੈਨੇਡਿਅਨ ਬਲੱਡ ਸਰਵਿਸਿਜ਼ (Canadian Blood Services) ਨੇ ਸ਼ਹਿਰ ਦੇ ਪੂਰਬੀ ਸਿਰੇ 'ਤੇ ਆਪਣੇ ਬ੍ਰੈਂਪਟਨ ਬਲੱਡ ਉਤਪਾਦਨ ਅਤੇ ਵੰਡ ਕੇਂਦਰ ਵਿਖੇ ਇੱਕ ਨਵੀਂ ਪਰੀਖਣ ਲੈਬੋਰੇਟਰੀ ਖੋਲ੍ਹੀ ਹੈ। ਬਿਲਕੁੱਲ ਆਧੁਨਿਕ 28,000 ਵਰਗ-ਫੁੱਟ ਦੀ ਲੈਬੋਰੇਟਰੀ ਦਾ ਵਾਧਾ ਜੀਵਨ ਵਿਗਿਆਨ (ਲਾਈਫ ਸਾਇੰਸਿਜ਼) ਸਬੰਧੀ ਨਿਰਮਾਤਾ ਦੇ ਤੌਰ 'ਤੇ ਸੰਗਠਨ ਦੀ ਉਤਪਾਦਕਤਾ ਵਿੱਚ ਵਾਧਾ ਕਰਦਾ ਹੈ ਅਤੇ ਇੱਕ ਭਰੋਸੇਯੋਗ ਅਤੇ ਸੁਰੱਖਿਅਤ ਖੂਨ ਪ੍ਰਣਾਲੀ (ਬਲੱਡ ਸਿਸਟਮ) ਦੀ ਕੁਸ਼ਲਤਾ ਨੂੰ ਬਿਹਤਰ ਬਣਾਉਂਦਾ ਹੈ।

ਬ੍ਰੈਂਪਟਨ ਦੇ ਭਾਈਚਾਰੇ ਵਿੱਚ ਨਿਵੇਸ਼ ਕਰਕੇ ਅਤੇ ਕੈਨੇਡਿਅਨ ਬਲੱਡ ਸਰਵਿਸਿਜ਼ ਦੇ ਸੰਚਾਲਨਾਂ ਦੇ ਕਈ ਹਿੱਸਿਆਂ ਲਈ ਥਾਂ ਦੇ ਕੇ, ਫੈਸਿਲਿਟੀ ਨੇ ਉਤਪਾਦਕਤਾ ਵਿੱਚ ਵਾਧਾ ਕੀਤਾ ਹੈ, ਹਸਪਤਾਲਾਂ ਲਈ ਸੇਵਾਵਾਂ ਨੂੰ ਬਿਹਤਰ ਬਣਾਇਆ ਹੈ, ਸੰਚਾਲਨ ਖ਼ਰਚਿਆਂ ਨੂੰ ਘੱਟ ਕੀਤਾ ਹੈ ਅਤੇ ਸਾਰੇ ਕੈਨੇਡਾਵਾਸੀਆਂ ਲਈ ਸੋਧਿਆ ਹੋਇਆ ਮੁੱਲ ਪ੍ਰਦਾਨ ਕੀਤਾ ਹੈ। ਨਿਵੇਸ਼ ਨਵੀਂ ਬ੍ਰੈਂਪਟਨ ਫੈਸਿਲਿਟੀ ਵਿਖੇ ਖੇਤਰੀ ਪਰੀਖਣ ਕੰਮ 'ਤੇ ਕੇਂਦਰਿਤ ਹੈ ਅਤੇ ਭਵਿੱਖੀ ਵਿਸਤਾਰ ਦੀ ਇਜਾਜ਼ਤ ਦਿੰਦਾ ਹੈ।

ਕੈਨੇਡਿਅਨ ਬਲੱਡ ਸਰਵਿਸਿਜ਼ ਸ਼ੁੱਕਰਵਾਰ, 2 ਮਾਰਚ ਨੂੰ ਨਵੀਂ ਪਰੀਖਣ ਲੈਬੋਰੇਟਰੀ ਦੀ ਸ਼ਾਨਦਾਰ ਸ਼ੁਰੂਆਤ ਅਤੇ ਮੀਡੀਆ ਟੂਰ ਆਯੋਜਿਤ ਕਰ ਰਹੀ ਹੈ।

ਕੈਨੇਡਿਅਨ ਬਲੱਡ ਸਰਵਿਸਿਜ਼ ਦੀ ਬ੍ਰੈਂਪਟਨ ਦੇ ਵਧਦੇ ਸਿਹਤ ਅਤੇ ਜੀਵਨ ਵਿਗਿਆਨ ਸਬੰਧੀ ਖੇਤਰ ਵਿੱਚ ਇੱਕ ਮਹੱਤਵਪੂਰਨ ਥਾਂ ਹੈ। ਇਹ ਖੇਤਰ ਵਿਕਾਸ ਅਤੇ ਨਿਵੇਸ਼ ਨੂੰ ਵਧਾਉਣ ਵਿੱਚ ਮਦਦ ਦੇ ਪ੍ਰਤੀ ਸਮਰਪਿਤ ਵਸੀਲਿਆਂ ਅਤੇ ਸਹਿਯੋਗ ਦੇ ਨਾਲ, ਸਿਟੀ ਦੇ ਆਰਥਿਕ ਵਿਕਾਸ ਦੇ ਯਤਨਾਂ ਲਈ ਇੱਕ ਕੇਂਦਰਿਤ ਖੇਤਰ ਹੈ। ਸਿਟੀ ਰੋਜ਼ਗਾਰ ਅਤੇ ਨਵੀਨਤਾ ਨੂੰ ਸੁਖਾਲਾ ਬਣਾਉਣ ਲਈ ਸਿਹਤ ਖੇਤਰ ਨਾਲ ਸਬੰਧਿਤ ਕਾਰੋਬਾਰੀਆਂ, ਦੇਖਭਾਲ ਪ੍ਰਦਾਤਾਵਾਂ ਅਤੇ ਜਨਤਕ ਖੇਤਰ ਸੰਗਠਨਾਂ ਦੇ ਨਾਲ ਭਾਈਵਾਲੀਆਂ ਦਾ ਨਿਰਮਾਣ ਕਰਨ ਵਿੱਚ ਕਿਰਿਆਸ਼ੀਲ ਭੂਮਿਕਾ ਨਿਭਾ ਰਿਹਾ ਹੈ।

ਕੰਪਨੀ ਲਈ ਮੁੱਖ ਨਿਵੇਸ਼ ਦਾ ਫ਼ੈਸਲਾ ਸਿਟੀ ਦੇ ਆਸਪਾਸ ਤਿੰਨ ਮੁੱਖ ਜਰਨੈਲੀ ਸੜਕਾਂ (ਹਾਈਵੇਜ) ਦਾ ਸੀ, ਜੋ ਹਨ — 401, 427 ਅਤੇ 407 — ਅਤੇ ਟੋਰੋਂਟੋ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ (Toronto Pearson International Airport) ਤੱਕ। ਖੂਨ ਦੇ ਨਮੂਨੇ ਪਰੀਖਣ ਲਈ ਤੁਰੰਤ ਬ੍ਰੈਂਪਟਨ ਭੇਜੇ ਜਾ ਸਕਦੇ ਹਨ, ਜਿਸ ਨਾਲ ਹਸਪਤਾਲਾਂ ਨੂੰ ਜਲਦੀ ਨਾਲ ਸੁਰੱਖਿਅਤ ਖੂਨ ਉਤਪਾਦ ਪ੍ਰਾਪਤ ਕਰਨ ਵਿੱਚ ਮਦਦ ਮਿਲਦੀ ਹੈ। ਨਵੀਂ ਬ੍ਰੈਂਪਟਨ ਪਰੀਖਣ ਲੈਬੋਰੇਟਰੀ ਬਾਇਓਮੈਡੀਕਲ ਨਿਪਟਾਣ ਨੂੰ ਲਿਜਾਣ ਅਤੇ ਨਿਰਛੂਤ ਬਣਾਉਣ ਦੀ ਕਿਰਿਆ ਦੇ ਖ਼ਰਚੇ ਘਟਾਉਂਦੀ ਹੈ।

ਬ੍ਰੈਂਪਟਨ ਵਿੱਚ ਇਹ ਵਿਸਤਾਰ ਬ੍ਰੈਂਪਟਨ ਦੇ ਭਾਈਚਾਰੇ ਵਿੱਚ ਇੱਕ ਮਹੱਤਵਪੂਰਨ ਨਿਵੇਸ਼ ਨੂੰ ਦਰਸਾਉਂਦਾ ਹੈ ਅਤੇ ਪੂਰੇ ਸੂਬੇ ਵਿੱਚ ਭਾਈਚਾਰਿਆਂ ਲਈ ਜੀਵਨ-ਬਚਾਉਣ ਵਾਲੇ ਖੂਨ ਉਤਪਾਦਾਂ ਨੂੰ ਪਹੁੰਚਾਉਣ ਵਿੱਚ ਮਦਦ ਕਰਦਾ ਹੈ। ਕੁੱਲ ਮਿਲਾ ਕੇ, ਕੈਨੇਡਿਅਨ ਬਲੱਡ ਸਰਵਿਸਿਜ਼ ਨੇ ਆਪਣੀ ਬ੍ਰੈਂਪਟਨ ਫੈਸਿਲਿਟੀ ਵਿੱਚ ਲਗਭਗ 400 ਲੋਕਾਂ ਨੂੰ ਨਿਯੁਕਤ ਕੀਤਾ ਹੈ। ਬ੍ਰੈਂਪਟਨ ਪਰੀਖਣ ਲੈਬੋਰੇਟਰੀ ਦੇਸ਼ ਦਾ 60 ਪ੍ਰਤੀਸ਼ਤ ਦਾਨੀ ਪਰੀਖਣ ਪੇਸ਼ ਕਰਦੇ ਹੋਏ, ਕੈਨੇਡਾ ਦੇ ਅੱਧੇ ਪੂਰਬੀ ਵਾਸੀਆਂ ਲਈ ਦਾਨੀ ਪਰੀਖਣ ਸਬੰਧੀ ਕੰਮ ਕਰਦੀ ਹੈ।

**ਹਵਾਲੇ**

*"ਮੈਂ ਕੈਨੇਡਿਅਨ ਬਲੱਡ ਸਰਵਿਸਿਜ਼ ਨੂੰ ਉਹਨਾਂ ਦੇ ਵਿਸਤਾਰ ਲਈ ਵਧਾਈ ਦੇਣਾ ਚਾਹੁੰਦੀ ਹਾਂ ਅਤੇ ਸਾਡੇ ਭਾਈਚਾਰੇ ਵਿੱਚ ਉਹਨਾਂ ਦੇ ਮਹੱਤਵਪੂਰਨ ਨਿਵੇਸ਼ ਲਈ ਉਹਨਾਂ ਦਾ ਧੰਨਵਾਦ ਕਰਦੀ ਹਾਂ। ਜਦੋਂ ਖ਼ੂਨ ਦਾਨ ਕਰਨ ਦੀ ਗੱਲ ਹੁੰਦੀ ਹੈ, ਤਾਂ ਮੈਨੂੰ ਪਤਾ ਹੈ ਕਿ ਬ੍ਰੈਂਪਟਨ ਦੇ ਲੋਕ ਹਮੇਸ਼ਾ ਤਿਆਰ ਰਹਿੰਦੇ ਹਨ ਅਤੇ ਅੱਗੇ ਆਉਣ ਦੇ ਇਛੁੱਕ ਹੁੰਦੇ ਹਨ।"*

ਮੇਅਰ ਲਿੰਡਾ ਜੈਫਰੀ (Linda Jeffrey)

*"ਬ੍ਰੈਂਪਟਨ ਵਿੱਚ ਕੈਨੇਡਿਅਨ ਬਲੱਡ ਸਰਵਿਸਿਜ਼ ਦਾ ਵਿਸਤਾਰ ਸਿਟੀ ਅਤੇ ਸੰਗਠਨ ਲਈ ਇੱਕ ਵਧੀਆ ਖ਼ਬਰ ਹੈ। ਉਹਨਾਂ ਨੂੰ ਬ੍ਰੈਂਪਟਨ ਦੇ ਵਧੀਆ ਸਥਾਨ ਤੋਂ ਅਤੇ ਟ੍ਰਾਂਸਪੋਰਟੇਸ਼ਨ ਅਤੇ ਇੰਫਰਾਸਟ੍ਰਕਚਰ ਤੱਕ ਪਹੁੰਚ ਤੋਂ ਫ਼ਾਇਦਾ ਮਿਲੇਗਾ ਅਤੇ ਬ੍ਰੈਂਪਟਨ ਨੂੰ ਉੱਚ-ਵਿਕਾਸ ਵਾਲੇ ਖੇਤਰ ਅਤੇ ਨਵੀਆਂ ਉੱਚ-ਕੁਸ਼ਲਤਾ ਵਾਲੀਆਂ ਨੌਕਰੀਆਂ ਵਿੱਚ ਵਿਕਾਸ ਤੋਂ ਫ਼ਾਇਦਾ ਮਿਲੇਗਾ। ਕੈਨੇਡਿਅਨ ਬਲੱਡ ਸਰਵਿਸਿਜ਼, ਤੁਹਾਨੂੰ ਸ਼ਾਨਦਾਰ ਸ਼ੁਰੂਆਤ ਲਈ ਵਧਾਈ ਹੋਵੇ।"*

ਸਿਟੀ ਕਾਉਂਸਲਰ ਜੈਫ ਬੋਮੈਨ (Jeff Bowman), ਮੁਖੀ, ਇਕੋਨੋਮਿਕ ਡੈਵਲੈਪਮੈਂਟ ਐਂਡ ਕਲਚਰ

*"ਅਸੀਂ ਸਾਡੇ ਸ਼ਹਿਰ ਵਿੱਚ ਕੈਨੇਡਿਅਨ ਬਲੱਡ ਸਰਵਿਸਿਜ਼ ਦੇ ਵਿਸਤਾਰ ਨੂੰ ਲੈ ਕੇ ਬਹੁਤ ਉਤਸ਼ਾਹਿਤ ਹਾਂ। ਇਹ ਸਾਡੇ ਲਈ ਇੱਕ ਕਾਰਜਨੀਤੀ ਸਬੰਧੀ ਵਿਕਾਸ ਵਾਲਾ ਖੇਤਰ ਹੈ ਅਤੇ ਸਾਨੂੰ ਸਿਹਤ ਅਤੇ ਜੀਵਨ ਵਿਗਿਆਨ ਖੇਤਰ ਵਿੱਚ ਮਜ਼ਬੂਤ ਭਾਈਵਾਲੀਆਂ ਦੇ ਨਾਲ-ਨਾਲ ਨਿਵੇਸ਼ ਅਤੇ ਵਿਸਤਾਰ ਸਬੰਧੀ ਲੋੜਾਂ, ਜਿਵੇਂ-ਜਿਵੇਂ ਅਸੀਂ ਇਕੱਠੇ ਵਿਕਾਸ ਕਰਦੇ ਹਾਂ, ਦਾ ਸਮਰਥਨ ਕਰਦੇ ਹੋਏ, ਉਹਨਾਂ ਨਾਲ ਅਤੇ ਹੋਰਾਂ ਕਾਰੋਬਾਰੀਆਂ ਨਾਲ ਕੰਮ ਕਰਨ ਦੀ ਉਡੀਕ ਹੈ।"*

ਬੌਬ ਡਾਰਲਿੰਗ (Bob Darling), ਡਾਇਰੈਕਟਰ, ਇਕੋਨੋਮਿਕ ਡੈਵਲੈਪਮੈਂਟ ਐਂਡ ਕਲਚਰ

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਬ੍ਰਿਅਨ ਸਟਿੱਟਲ (Brian Stittle)
ਸੀਨੀਅਰ ਮੀਡੀਆ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ
905.874.2143 | brian.stittle@brampton.ca